File No.SED-EDU303/78/2021-3EDU3/655000/23(1)

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

ਪ੍ਰਿੰਸੀਪਲ,
ਦੀ ਬਲੂਮਿੰਗਡੇਲ ਸਕੂਲ, ਕੋਟਕਪੂਰਾ,
ਤਹਿਸੀਲ ਕੋਟਕਪੂਰਾ, ਜਿਲ੍ਹਾ ਫਰੀਦਕੋਟ ।

ਮਿਤੀ:ਚੰਡੀਗੜ੍ਹ: 04.10.2023

ਵਿਸ਼ਾ:- ਦੀ ਬਲੂਮਿੰਗਡੇਲ ਸਕੂਲ, ਕੋਟਕਪੂਰਾ, ਤਹਿਸੀਲ ਕੋਟਕਪੂਰਾ, ਜਿਲ੍ਹਾ ਫਰੀਦਕੋਟ ਨੂੰ ਆਈ.ਸੀ.ਐਸ.ਈ. ਨਵੀਂ ਦਿੱਲੀ ਨਾਲ ਐਫੀਲੀਏਸ਼ਨ ਲੈਣ ਲਈ ਬਾਰ੍ਹਵੀਂ ਪੱਧਰ ਦਾ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ।

******

ਉਪਰਕੋਤ ਵਿਸ਼ੇ ਤੇ ਆਪ ਵੱਲੋਂ ਪੋਰਟਲ ਤੇ ਐਪਲੀਕੇਸ਼ਨ ਨੰ. F91B6B4B66 ਰਾਹੀਂ ਅਪਲਾਈ ਕੀਤੇ ਕੇਸ ਦੇ ਹਵਾਲੇ ਵਿੱਚ ਅਤੇ ਸਰਕਾਰ ਦੇ ਪੱਤਰ ਨੰ. SED-EDU303/78/2021-3EDU3/20228(1) ਮਿਤੀ 07.01.2022 ਦੀ ਲਗਾਤਾਰਤਾ ਵਿੱਚ।

1. ਇਹ ਇਤਰਾਜਹੀਣਤਾ ਸਰਟੀਫਿਕੇਟ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮਿਤੀ 26.11.2018 ਦੇ ਪੈਰ੍ਹਾ 6 ਤਹਤਿ ਜਾਰੀ ਕੀਤਾ ਜਾਂਦਾ ਹੈ।
2. ਇਹ ਇਤਰਾਜਹੀਣਤਾ ਸਰਟੀਫਿਕੇਟ ਸਕੂਲ ਮੈਨੇਜਮੈਂਟ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜਾਂ ਸਮੇਤ ਹਲਫੀਆਂ ਬਿਆਨ, ਜਿਲ੍ਹਾ ਪੱਧਰੀ ਕਮੇਟੀ ਦੀ ਨਿਰੀਖਣ ਰਿਪੋਰਟ, ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਫਰੀਦਕੋਟ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ ਦੀ ਸਿਫਾਰਸ਼ਾਂ ਸਨਮੁਖ ਜਾਰੀ ਕੀਤਾ ਗਿਆ ਹੈ।
3. ਸਕੂਲ ਮੈਨੇਜਮੈਂਟ ਹੇਠ ਲਿੱਖਿਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ:-

ੳ) ਸਿੱਖਿਆ ਵਿਭਾਗ ਵੱਲੋਂ ਜਾਰੀ ਆਰ.ਟੀ.ਐਕਟ 2009, ਪੰਜਾਬ ਸਰਕਾਰ ਆਰ.ਟੀ.ਈ. ਰੂਲਜ਼ 2011, ਪੰਜਾਬ ਰੈਗੂਲੇਸ਼ਨ ਆਫ ਫੀ ਆਫ ਅਨਏਡਿਡ ਐਜੂਕੇਸ਼ਨਲ ਇੰਨਸਟੀਟਿਊਸ਼ਨਜ਼ ਐਕਟ 2016 ਅਤੇ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਸਬੰਧਤ ਹਦਾਇਤਾਂ ਦੀ ਇੰਨ-ਬਿਨ ਪਾਲਣਾ।

ਅ) ਸਕੂਲ ਵਿੱਚ ਪੰਜਾਬੀ ਵਿਸ਼ਾ ਲਾਜ਼ਮੀ ਤੌਰ ਤੇ ਪੜਾਉਣਾ।

ੲ) ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ, ਫਾਈਰ ਸੇਫਟੀ ਸਰਟੀਫਿਕੇਟ, ਪੀਣਯੋਗ ਪਾਣੀ ਦਾ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਇਤਰਾਜਹੀਣਤਾ ਸਰਟੀਫਿਕੇਟ ਸਮੇਂ ਸਿਰ ਰਿਨਿਊ ਕਰਵਾਉਣਾ।

ਸ) ਸਕੂਲ ਸਟਾਫ ਨੂੰ ਸਰਕਾਰੀ ਕਰਮਚਾਰੀਆਂ ਦੀ ਤਰਜ ਤੇ ਤਨਖਾਹ ਅਤੇ ਹੋਰ ਭੱਤੇ ਆਦਿ ਅਕਾਉਟ ਪੇਈ ਚੈਕਾਂ/ਆਨ-ਲਾਈਨ ਟਰਾਂਸਫਰ ਕਰਨਾ।

ਹ) ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਸਕੂਲ ਦੇ ਨਿਰੀਖਣ ਦੌਰਾਨ ਸਹਿਯੋਗ ਕਰਨਾ।

P.T.O

ਕ) ਮਾਨਯੋਗ ਹਾਈ ਕੋਰਟ ਵੱਲੋਂ ਰਿਟ ਪਟੀਸ਼ਨ ਨੰ. 17967 ਆਫ 2022 ਵਿੱਚ ਕੀਤੇ ਹੁਕਮ ਮਿਤੀ 17.08.2022 ਦੀ ਰੌਸ਼ਨੀ ਵਿੱਚ ਅਤੇ ਭਵਿੱਖ ਵਿੱਚ ਹੋਣ ਵਾਲੇ ਫੈਸਲੇ ਅਨੁਸਾਰ ਲੋੜੀਂਦਾ ਰਿਜ਼ਰਵ ਫੰਡ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਂਗਾ।

4. ਉਪਰੋਕਤ ਦਰਸਾਈਆਂ ਸ਼ਰਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਸਕੂਲ ਦਾ ਇਤਰਾਜਹੀਣਤਾ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

ਅਧੀਨ ਸਕੱਤਰ ਸਕੂਲ ਸਿੱਖਿਆ

**ਪਿੱ:ਅੰ:ਨੰ:** SED-EDU303/78/2021-3EDU3 **ਮਿਤੀ, ਚੰਡੀਗੜ੍ਹ:**

ਉਪਰਕੋਤ ਦਾ ਇਕ ਉਤਾਰਾ ਹੇਠ ਲਿੱਖਿਆ ਨੂੰ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ, ਮੋਹਾਲੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਸ਼ਾ ਅੰਕਿਤ ਸਕੂਲ ਦਾ ਨਿਯਮਤ ਨਿਰੀਖਣ ਹਰ ਹਾਲਤ ਵਿੱਚ ਕਰਵਾਇਆ ਜਾਵੇ ਅਤੇ ਨਿਰੀਖਣ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ।

2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਫਰੀਦਕੋਟ।

ਅਧੀਨ ਸਕੱਤਰ ਸਕੂਲ ਸਿੱਖਿਆ